BC Centre for Disease Control
Provincial Health Services Authority

Clinical Prevention Services
Provincial STI/HIV Clinic

655 West 12th Avenue
Vancouver, BC V5Z 4R4

Tel 604.707.5600
Fax 604.707.5604

www.bccdc.ca
www.SmartSexResource.com

# ਫ਼ਲੂਕੌਨੇਜ਼ਲ
# Fluconazole

ਫ਼ਲੂਕੌਨੇਜ਼ਲ (CanesOral®, – ਕੈਨਸ ਓਰਲ, Diflucan® – ਡਿਫ਼ਲੂਕੈਨ) ਮੂੰਹ ਰਾਹੀਂ ਲਈ ਜਾਣ ਵਾਲੀ ਐਂਟੀਫ਼ੰਗਲ (ਉੱਲੀ-ਵਿਰੋਧੀ) ਦਵਾਈ ਹੈ ਜਿਸ ਨੂੰ ਚਮੜੀ ਉੱਪਰ ਹੋਈਆਂ ਫ਼ੰਗਲ ਇਨਫ਼ੈਕਸ਼ਨਾਂ ਦੇ ਇਲਾਜ ਲਈ ਇਸਤੇਮਾਲ ਕੀਤਾ ਜਾਂਦਾ ਹੈ, ਇਨ੍ਹਾਂ ਵਿੱਚ ਵੁਲਵੋਵੈਜੀਨਲ ਕੈਨਡੀਡਾਇਐਸਿਸ ਅਤੇ ਯੀਸਟ ਬੈਲੇਨਾਇਟਿਸ ਜਿਹੀਆਂ *ਕੈਨਡੀਡਾ* ਉਪਜਾਤੀ ਕਾਰਣ ਹੋਣ ਵਾਲੀਆਂ ਯੀਸਟ ਇਨਫ਼ੈਕਸ਼ਨਾਂ ਵੀ ਸ਼ਾਮਲ ਹਨ।

ਯੀਸਟ ਕ੍ਰੀਮਾਂ ਅਤੇ/ਜਾਂ ਯੋਨੀ ਦੇ ਅੰਦਰ ਰੱਖੇ ਜਾਣ ਵਾਲੇ ਉਤਪਾਦਾਂ ਨਾਲ ਟ੍ਰੀਟਮੈਂਟ ਬਾਰੇ ਵਧੇਰੇ ਜਾਣਕਾਰੀ ਲਈ ਦਵਾਈਆਂ ਸੰਬੰਧੀ ਇਹ ਵੱਖਰਾ ਪਰਚਾ ਦੇਖੋ: Yeast and Fungal Infections (ਯੀਸਟ ਅਤੇ ਫ਼ੰਗਲ ਇਨਫ਼ੈਕਸ਼ਨਾਂ)।

## ਐਲਰਜੀਆਂ (Allergies)

- ਜੇ ਤੁਹਾਨੂੰ ਫ਼ਲੂਕੌਨਾਜ਼ੋਲ (CanesOral® - ਕੈਨਜ਼-ਓਰਲ, Diflucan® – ਡਿਫ਼ਲੂਕੈਨ), ਇਟ੍ਰਾਕੋਨਾਜ਼ੋਲ (Sporanox® – ਸਪੋਰਾਨੌਕਸ), ਕੀਟੋਕੌਨਾਜ਼ੋਲ, ਪੋਸਾਕੌਨਾਜ਼ੋਲ (Posanol® – ਪੋਸਾਨੌਲ), ਵੌਰੀਕੌਨਾਜ਼ੋਲ (Vfend® – ਵੀਫ਼ੈਂਡ) ਜਿਹੀਆਂ **ਅਜ਼ੋਲ ਐਂਟੀਫ਼ੰਗਲ ਦਵਾਈਆਂ** ਤੋਂ ਐਲਰਜੀ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ।

## ਗਰਭਕਾਲ ਅਤੇ ਆਪਣਾ ਦੁੱਧ ਚੁੰਘਾਉਣਾ (Pregnancy and Chest/Breastfeeding)

- ਗਰਭਕਾਲ ਦੌਰਾਨ ਫ਼ਲੂਕੌਨੇਜ਼ਲ ਲੈਣ ਦੀ ਸਿਫ਼ਾਰਿਸ਼ ਨਹੀਂ ਕੀਤੀ ਜਾਂਦੀ। ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ।

- ਬੱਚੇ ਨੂੰ ਆਪਣਾ ਦੁੱਧ ਚੁੰਘਾਉਣ ਦੇ ਸਮੇਂ ਦੌਰਾਨ ਫ਼ਲੂਕੌਨੇਜ਼ਲ ਨੂੰ ਸਾਵਧਾਨੀ ਨਾਲ ਇਸਤੇਮਾਲ ਕੀਤਾ ਜਾ ਸਕਦਾ ਹੈ। ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ।

## ਸਾਵਧਾਨੀ (CAUTION)

- **ਦੂਜੀਆਂ ਦਵਾਈਆਂ ਉੱਪਰ ਪ੍ਰਭਾਵ:** ਜੇ ਤੁਸੀਂ ਕੋਈ ਪ੍ਰਿਸਕ੍ਰਿਪਸ਼ਨ, ਗ਼ੈਰ-ਪ੍ਰਿਸਕ੍ਰਿਪਸ਼ਨ, ਹਰਬਲ, ਜਾਂ ਮਨ-ਪਰਚਾਵੇ ਵਾਲੇ ਕੋਈ ਉਤਪਾਦ ਇਸਤੇਮਾਲ ਕਰ ਰਹੇ ਹੋ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ। ਇਸ ਦਸਤਾਵੇਜ਼ ਵਿੱਚ ਹਰ ਕਿਸਮ ਦੀ ਦਵਾਈ ਉੱਪਰ ਪੈਣ ਵਾਲੇ ਪ੍ਰਭਾਵ ਬਾਰੇ ਨਹੀਂ ਦੱਸਿਆ ਗਿਆ।

- **ਕਿਰਪਾ ਕਰਕੇ ਧਿਆਨ ਦਿਓ:** ਜੇ ਤੁਸੀਂ ਪਹਿਲਾਂ ਹੀ ਬਾਕਾਇਦਾ ਸਕੈਜੂਅਲ ਮੁਤਾਬਕ ਫ਼ਲੂਕੌਨੇਜ਼ਲ ਦੀਆਂ ਖ਼ੁਰਾਕਾਂ ਲੈ ਰਹੇ ਹੋ ਤਾਂ ਫ਼ਲੂਕੌਨੇਜ਼ਲ ਦੀ ਮੂੰਹ-ਰਾਹੀਂ ਸਿਰਫ਼ ਇੱਕੋ ਵਾਰੀ ਲਈ ਜਾਣ ਵਾਲੀ ਇਹ ਖ਼ੁਰਾਕ ਨਾ ਲਓ।

## ਮਾੜੇ ਪ੍ਰਭਾਵ (Side Effects)

- ਤੁਹਾਡਾ ਜੀਅ ਕੱਚਾ ਹੋ ਸਕਦਾ ਹੈ, ਤੁਹਾਨੂੰ ਉਲਟੀਆਂ ਲਗ ਸਕਦੀਆਂ ਹਨ, ਦਸਤ ਲੱਗ ਸਕਦੇ ਹਨ, ਢਿੱਡ ਵਿੱਚ ਪੀੜ ਹੋ ਸਕਦੀ ਹੈ, ਸਿਰ ਦਰਦ ਹੋ ਸਕਦਾ ਹੈ, ਜਾਂ ਧੱਫੜ ਹੋ ਸਕਦੇ ਹਨ।
- ਜੇ ਤੁਹਾਨੂੰ ਚਮੜੀ ਉੱਪਰ ਕੋਈ ਰੀਐਕਸ਼ਨ ਹੋਵੇ ਤਾਂ ਤੁਰੰਤ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।

# ਫ਼ਲੂਕੋਨੇਜ਼ਲ (ਜਾਰੀ)
# Fluconazole (cont'd)

## ਦਵਾਈ ਲੈਣ ਲਈ ਹਿਦਾਇਤਾਂ (Instructions for Taking)

- ਮੂੰਹ ਰਾਹੀਂ ਲਈਆਂ ਜਾਣ ਵਾਲੀਆਂ ਗੋਲ਼ੀਆਂ ਜਾਂ ਕੈਪਸੂਲਾਂ ਨੂੰ ਭੋਜਨ ਦੇ ਨਾਲ ਜਾਂ ਭੋਜਨ ਤੋਂ ਬਿਨਾਂ ਲਓ।
- ਫ਼ਲੂਕੋਨੇਜ਼ਲ ਲੈਣ ਤੋਂ ਪਹਿਲਾਂ ਪੈਕੇਜ ਅੰਦਰ ਦਿੱਤੀ ਲਿਖਤ ਜਾਣਕਾਰੀ ਨੂੰ ਕਿਰਪਾ ਕਰਕੇ ਧਿਆਨ ਨਾਲ ਪੜ੍ਹੋ।

## ਸਾਂਭ-ਸੰਭਾਲ ਸੰਬੰਧੀ ਹਿਦਾਇਤਾਂ (Storage Instructions)

- 15 ਅਤੇ 30°C ਵਿਚਕਾਰ ਕਮਰੇ ਦੇ ਤਾਪਮਾਨ 'ਤੇ ਰੱਖੋ।
- ਰੋਸ਼ਨੀ, ਤਪਸ਼ ਅਤੇ ਨਮੀ ਤੋਂ ਦੂਰ ਰੱਖੋ।
- ਦਵਾਈਆਂ ਨੂੰ ਉਨ੍ਹਾਂ ਦੀ ਮਿਆਦ ਪੁੱਗ ਜਾਣ ਦੀ ਤਾਰੀਖ਼ ਤੋਂ ਬਾਅਦ ਇਸਤੇਮਾਲ ਨਾ ਕਰੋ।
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

## ਵਿਸ਼ੇਸ਼ ਹਿਦਾਇਤਾਂ (Special Instructions)

- ਜੇ ਟ੍ਰੀਟਮੈਂਟ ਤੋਂ ਬਾਅਦ ਵੀ ਲੱਛਣ ਜਾਰੀ ਰਹਿਣ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ।
- ਕਾਮੁਕ ਸਾਥੀਆਂ ਨੂੰ ਜਦੋਂ ਤਕ ਕੋਈ ਲੱਛਣ ਅਨੁਭਵ ਨਾ ਹੋਣ, ਉਨ੍ਹਾਂ ਨੂੰ ਉਦੋਂ ਤਕ ਟ੍ਰੀਟਮੈਂਟ ਦੀ ਲੋੜ ਨਹੀਂ ਪੈਂਦੀ।

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ ਜ਼ਿਆਦਾ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ www.smartsexresource.com 'ਤੇ ਜਾਓ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।